# ਅਕਸਰ ਪੁੱਛੇ ਜਾਣ ਵਾਲੇ ਸਵਾਲ

## 1. Protection visa ਕੀ ਹੈ?

Protection visas ਉਨ੍ਹਾਂ ਲੋਕਾਂ (ਜਾਂ ਉਨ੍ਹਾਂ ਦੇ ਪਰਿਵਾਰ ਦੇ ਜੀਆਂ) ਲਈ ਹੁੰਦੇ ਹਨ ਜਿਨ੍ਹਾਂ ਨੂੰ ਆਪਣੇ ਦੇਸ਼ ਵਾਪਸ ਮੁੜਨ 'ਤੇ ਬਹੁਤ ਜ਼ਿਆਦਾ ਨੁਕਸਾਨ ਜਾਂ ਤਸ਼ੱਦਦ ਦੇ ਝੱਲਣ ਦੀ ਅਸਲ ਸੰਭਾਵਨਾ ਹੁੰਦੀ ਹੈ।

ਜੇ ਤੁਹਾਨੂੰ Protection visa ਦਿੱਤਾ ਜਾਂਦਾ ਹੈ, ਤਾਂ ਤੁਸੀਂ ਆਸਟ੍ਰੇਲੀਆ ਦੀ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਉਸ ਦੇਸ਼ ਦੀ ਯਾਤਰਾ ਨਹੀਂ ਕਰ ਸਕਦੇ ਜਿਸ ਤੋਂ ਤੁਸੀਂ ਪਨਾਹ ਮੰਗ ਰਹੇ ਹੋ, ਭਾਵੇਂ ਕਿ ਤੁਹਾਡਾ ਪਰਿਵਾਰ ਉੱਥੇ ਰਹਿੰਦਾ ਹੈ।

ਆਸਟ੍ਰੇਲੀਆ ਵਿੱਚ ਆਪਣੇ ਠਹਿਰਨ ਦੀ ਮਿਆਦ ਵਧਾਉਣ ਦੇ ਤਰੀਕੇ ਵਜੋਂ Protection visa ਵਾਸਤੇ ਅਰਜ਼ੀ ਨਾ ਦਿਓ ਤਾਂ ਕਿ ਤੁਸੀਂ ਤਨਖਾਹ ਵਾਲਾ ਰੁਜ਼ਗਾਰ ਹਾਸਲ ਕਰ ਸਕੋ।

ਤੁਹਾਨੂੰ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤਿਆਂ ਤੋਂ ਮੁਫ਼ਤ ਕਾਨੂੰਨੀ ਸਲਾਹ ਲੈਣ ਲਈ ਬਹੁਤ ਜ਼ੋਰ ਦੇ ਕੇ ਕਿਹਾ ਜਾਂਦਾ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਤੁਸੀਂ ਸੁਰੱਖਿਆ ਵੀਜ਼ੇ ਲਈ ਯੋਗ ਹੋ।



## 2. ਆਸਟ੍ਰੇਲੀਆ ਵਿੱਚ Protection visa ਲਈ ਅਰਜ਼ੀ ਦੇਣ ਲਈ ਕੌਣ ਯੋਗ ਹੈ?

Protection visas ਉਨ੍ਹਾਂ ਲੋਕਾਂ (ਜਾਂ ਉਨ੍ਹਾਂ ਦੇ ਪਰਿਵਾਰ ਦੇ ਜੀਆਂ) ਲਈ ਹੁੰਦੇ ਹਨ ਜਿਨ੍ਹਾਂ ਨੂੰ ਬਹੁਤ ਜ਼ਿਆਦਾ ਨੁਕਸਾਨ ਝੱਲਣ ਦਾ ਅਸਲ ਖਤਰਾ ਹੁੰਦਾ ਹੈ ਜੇ ਉਹ ਆਪਣੇ ਦੇਸ਼ ਵਾਪਸ ਮੁੜਦੇ ਹਨ ਜਾਂ ਇਹਨਾਂ ਆਧਾਰਾਂ 'ਤੇ ਤਸ਼ੱਦਦ ਦੀ ਅਸਲ ਸੰਭਾਵਨਾ ਦਾ ਸਾਹਮਣਾ ਕਰਦੇ ਹਨ:

- ਨਸਲ
- ਧਰਮ
- ਕੌਮੀਅਤ
- ਕਿਸੇ ਵਿਸ਼ੇਸ਼ ਸਮਾਜਿਕ ਸਮੂਹ ਦੀ ਸਦੱਸਤਾ ਜਾਂ
- ਰਾਜਨੀਤਿਕ ਰਾਏ

ਸਫ਼ਲ ਅਰਜ਼ੀਆਂ ਨਾਲੋਂ ਕਾਫ਼ੀ ਵੱਡੀ ਗਿਣਤੀ ਵਿੱਚ ਅਸਫ਼ਲ Protection visa ਦੀਆਂ ਅਰਜ਼ੀਆਂ ਹਨ। ਔਸਤਨ, ਸਾਰੀਆਂ ਅਰਜ਼ੀਆਂ ਵਿੱਚੋਂ 85% ਤੋਂ ਵੱਧ ਨੂੰ ਰੱਦ ਕਰ ਦਿੱਤਾ ਜਾਂਦਾ ਹੈ ਕਿਉਂਕਿ ਉਹ ਵੀਜ਼ੇ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦੀਆਂ ਹਨ। ਕੁਝ ਦੇਸ਼ਾ ਦੇ ਲੋਕਾਂ ਦੀਆਂ ਅਰਜ਼ੀਆਂ ਦੇ ਨਾਕਾਮਯਾਬ ਹੋਣ ਦੀ ਦਰ 100% ਦੇ ਨੇੜੇ ਹੈ।

ਤੁਹਾਡੇ ਹਾਲਾਤਾਂ ਲਈ ਵਧੇਰੇ ਢੁਕਵੇਂ ਹੋਰ ਵੀਜ਼ੇ ਹੋ ਸਕਦੇ ਹਨ।
ਸਹੀ ਵੀਜ਼ੇ ਲੱਭਣ ਬਾਰੇ ਵਧੇਰੇ ਜਾਣਕਾਰੀ ਘਰੇਲੂ ਮਾਮਲਿਆਂ ਦੀ ਵੈੱਬਸਾਈਟ 'ਤੇ ਉਪਲਬਧ ਹੈ।

## 3. Protection visa ਦੀ ਅਰਜ਼ੀ 'ਤੇ ਕਾਰਵਾਈ ਕਰਨ ਵਿੱਚ ਕਿੰਨਾ ਸਮਾਂ ਲੱਗਦਾ ਹੈ?

ਕਾਰਵਾਈ ਦੇ ਸਮੇਂ ਨੂੰ ਤੇਜ਼ ਕਰਨ ਲਈ Protection visa ਅਰਜ਼ੀ ਪ੍ਰਕਿਰਿਆ ਵਿੱਚ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ, ਜ਼ਿਆਦਾਤਰ ਨਵੀਆਂ ਅਰਜ਼ੀਆਂ ਦਾ ਫ਼ੈਸਲਾ ਹੁਣ ਹਾਲ ਹੀ ਦੇ ਸਾਲਾਂ ਦੇ ਮੁਕਾਬਲੇ ਲਗਭਗ 8 ਗੁਣਾ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਇਸ ਦਾ ਮਤਲਬ ਹੈ ਕਿ ਅਸਲ ਲੋੜਵੰਦਾਂ ਨੂੰ Protection visas ਜਲਦੀ ਪ੍ਰਦਾਨ ਕਰਨਾ ਅਤੇ ਆਸਟ੍ਰੇਲੀਆ ਵਿਚ ਕੰਮ ਕਰਨ ਜਾਂ ਆਪਣੇ ਠਹਿਰਨ ਦੀ ਮਿਆਦ ਵਧਾਉਣ ਵਾਸਤੇ Protection visa ਲਈ ਅਰਜ਼ੀ ਦੇਣ ਵਾਲਿਆਂ ਨੂੰ ਤੁਰੰਤ ਇਨਕਾਰ ਕਰਨਾ।

ਧਿਆਨ ਰੱਖੋ ਕਿ ਜੇ ਤੁਸੀਂ Protection visa ਵਾਸਤੇ ਅਰਜ਼ੀ ਦੇਣ ਲਈ ਕਿਸੇ ਗੈਰ-ਰਜਿਸਟਰਡ ਮਾਈਗ੍ਰੇਸ਼ਨ ਸਲਾਹਕਾਰ ਨਾਲ ਜੁੜਦੇ ਹੋ, ਤਾਂ ਤੁਸੀਂ ਬਹੁਤ ਸਾਰਾ ਪੈਸਾ ਭਰ ਸਕਦੇ ਹੋ ਅਤੇ ਫਿਰ ਵੀ ਤੁਹਾਨੂੰ ਜਲਦੀ ਹੀ Protection visa ਦੇਣ ਤੋਂ ਇਨਕਾਰ ਹੋ ਸਕਦਾ ਹੈ। ਤੁਹਾਨੂੰ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤਿਆਂ ਤੋਂ ਮੁਫ਼ਤ ਕਾਨੂੰਨੀ ਸਲਾਹ ਲੈਣ ਲਈ ਬਹੁਤ ਜ਼ੋਰ ਦੇ ਕੇ ਕਿਹਾ ਜਾਂਦਾ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਤੁਸੀਂ ਸੁਰੱਖਿਆ ਵੀਜ਼ੇ ਲਈ ਯੋਗ ਹੋ।

ਤੁਹਾਡੇ ਹਾਲਾਤਾਂ ਲਈ ਵਧੇਰੇ ਢੁਕਵੇਂ ਹੋਰ ਵੀਜ਼ੇ ਹੋ ਸਕਦੇ ਹਨ।
ਸਹੀ ਵੀਜ਼ੇ ਲੱਭਣ ਬਾਰੇ ਵਧੇਰੇ ਜਾਣਕਾਰੀ ਘਰੇਲੂ ਮਾਮਲਿਆਂ ਦੀ ਵੈੱਬਸਾਈਟ 'ਤੇ ਉਪਲਬਧ ਹੈ।

## 4. ਜੇ ਮੈਨੂੰ Protection visa ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ ਤਾਂ ਕੀ ਹੁੰਦਾ ਹੈ?

ਜੇ ਤੁਹਾਨੂੰ Protection visa ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ, ਤਾਂ ਤੁਸੀਂ ਜ਼ਿਆਦਾਤਰ ਹੋਰ ਵੀਜ਼ਿਆਂ ਲਈ ਅਰਜ਼ੀ ਨਹੀਂ ਦੇ ਸਕਦੇ ਅਤੇ ਤੁਹਾਨੂੰ ਆਸਟ੍ਰੇਲੀਆ ਨੂੰ ਛੱਡਣਾ ਪਵੇਗਾ । ਜੇ ਤੁਹਾਡੇ ਕੋਲ ਵੈਧ ਵੀਜ਼ਾ ਨਹੀਂ ਹੈ, ਤਾਂ ਤੁਹਾਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ ਅਤੇ ਆਸਟ੍ਰੇਲੀਆ ਤੋਂ ਬਾਹਰ ਕੱਢਿਆ ਜਾ ਸਕਦਾ ਹੈ। ਇਨਕਾਰ ਕੀਤੀ ਗਈ Protection visa ਅਰਜ਼ੀ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਭਵਿੱਖ ਵਿੱਚ ਆਸਟ੍ਰੇਲੀਆ ਆਉਣਾ ਵੀ ਮੁਸ਼ਕਿਲ ਬਣਾ ਸਕਦੀ ਹੈ। ਇਹ ਆਸਟ੍ਰੇਲੀਆ ਤੋਂ ਬਾਹਰ ਹੋਰ ਦੇਸ਼ਾਂ ਲਈ ਭਵਿੱਖ ਦੀਆਂ ਵੀਜ਼ੇ ਦੀਆਂ ਅਰਜ਼ੀਆਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ, ਜੋ ਤੁਹਾਡੇ ਵੱਲੋਂ ਅਰਜ਼ੀ ਦੇਣ ਵਾਲੇ ਵੀਜ਼ੇ ਦੀ ਕਿਸਮ 'ਤੇ ਨਿਰਭਰ ਕਰਦਾ ਹੈ।

Protection visa ਦੇ ਬਿਨੈਕਾਰਾਂ ਲਈ ਗੰਭੀਰ ਨਤੀਜੇ ਹਨ ਜੋ ਝੂਠੇ ਦਸਤਾਵੇਜ਼ ਪ੍ਰਦਾਨ ਕਰਦੇ ਹਨ ਜਾਂ ਆਪਣੀ ਅਰਜ਼ੀ ਵਿੱਚ ਗੁੰਮਰਾਹਕੁੰਨ ਜਾਣਕਾਰੀ ਦਿੰਦੇ ਹਨ, ਜਿਸ ਵਿੱਚ ਵੱਡਾ ਜੁਰਮਾਨਾ, 10 ਸਾਲ ਤੱਕ ਦੀ ਸੰਭਾਵਿਤ ਜੇਲ੍ਹ, ਜਾਂ ਦੋਵੇਂ ਸ਼ਾਮਲ ਹਨ। ਤੁਹਾਡੇ ਅਤੇ ਤੁਹਾਡੇ ਪਰਿਵਾਰ ਵਾਸਤੇ ਕਦੇ ਵੀ ਆਸਟ੍ਰੇਲੀਆ ਵਾਪਸ ਆਉਣਾ ਵੀ ਮੁਸ਼ਕਿਲ ਹੋ ਸਕਦਾ ਹੈ, ਇੱਥੋਂ ਤੱਕ ਕਿ ਕਿਸੇ ਵਿਜ਼ਟਰ, ਵਿਦਿਆਰਥੀ ਜਾਂ ਅਸਥਾਈ ਵਰਕ ਵੀਜ਼ੇ ਉਪਰ ਜਿਵੇਂ ਕਿ ਪਾਮ ਸਕੀਮ (PALM scheme) ਵੀਜ਼ੇ 'ਤੇ ਵੀ।

ਇਸ ਸਾਲ, ਆਸਟ੍ਰੇਲੀਆ ਦੀ ਸਰਕਾਰ ਨੇ ਇਨਕਾਰ ਕੀਤੇ ਗਏ Protection visa ਦੇ ਬਿਨੈਕਾਰਾਂ ਦੀ ਨਜ਼ਰਬੰਦੀ 'ਤੇ ਧਿਆਨ ਕੇਂਦ੍ਰਿਤ ਕਰਨ ਲਈ ਇਕ ਨਵਾਂ ਔਪਰੇਸ਼ਨ ਸ਼ੁਰੂ ਕੀਤਾ ਹੈ ਜਿਨ੍ਹਾਂ ਦੇ ਅਸਥਾਈ ਵੀਜ਼ੇ ਦੀ ਮਿਆਦ ਖਤਮ ਹੋ ਗਈ ਹੈ ਅਤੇ ਉਨ੍ਹਾਂ ਨੂੰ ਆਸਟ੍ਰੇਲੀਆ ਤੋਂ ਬਾਹਰ ਕੱਢਿਆ ਜਾਣਾ ਹੈ। ਇਹ ਔਪਰੇਸ਼ਨ ਲਗਾਤਾਰ ਚੱਲ ਰਿਹਾ ਹੈ।

ਜੇ ਤੁਹਾਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ ਅਤੇ ਆਸਟ੍ਰੇਲੀਆ ਤੋਂ ਬਾਹਰ ਕੱਢਿਆ ਜਾਂਦਾ ਹੈ, ਤਾਂ ਤੁਹਾਨੂੰ ਆਪਣੇ ਬਾਹਰ ਕੱਢਣ ਦੀ ਲਾਗਤ ਵਾਪਸ ਕਰਨੀ ਪੈ ਸਕਦੀ ਹੈ, ਜੋ ਹਜ਼ਾਰਾਂ ਡਾਲਰ ਹੋ ਸਕਦੀ ਹੈ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

Protection visa ਵਾਸਤੇ ਅਰਜ਼ੀ ਦੇਣ ਤੋਂ ਪਹਿਲਾਂ, ਤੁਹਾਨੂੰ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤਿਆਂ ਕੋਲੋਂ ਮੁਫ਼ਤ ਕਾਨੂੰਨੀ ਸਲਾਹ ਲੈਣ ਲਈ ਬਹੁਤ ਜ਼ੋਰ ਦੇ ਕੇ ਉਤਸ਼ਾਹਿਤ ਕੀਤਾ ਜਾਂਦਾ ਹੈ।

### 5. ਜੇ ਮੈਨੂੰ Protection visa ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ ਤਾਂ ਕੀ ਮੈਂ ਕਿਸੇ ਹੋਰ ਵੀਜ਼ੇ ਲਈ ਅਰਜ਼ੀ ਦੇ ਸਕਦਾ ਹਾਂ?

ਜੇ ਤੁਹਾਨੂੰ Protection visa ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ, ਤਾਂ ਤੁਸੀਂ ਜ਼ਿਆਦਾਤਰ ਹੋਰ ਵੀਜ਼ਿਆਂ ਲਈ ਅਰਜ਼ੀ ਨਹੀਂ ਦੇ ਸਕਦੇ ਅਤੇ ਤੁਹਾਨੂੰ ਆਸਟ੍ਰੇਲੀਆ ਨੂੰ ਛੱਡਣਾ ਪਵੇਗਾ । ਤੁਹਾਨੂੰ ਅਤੇ ਤੁਹਾਡੇ ਪਰਿਵਾਰ ਦੇ ਜੀਆਂ ਨੂੰ ਆਸਟ੍ਰੇਲੀਆ ਵਾਪਸ ਆਉਣਾ ਵਿੱਚ ਮੁਸ਼ਕਿਲ ਹੋ ਸਕਦੀ ਹੈ।

ਜੇ Protection visa ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਤੁਹਾਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ ਅਤੇ ਆਸਟ੍ਰੇਲੀਆ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ, ਤਾਂ ਤੁਹਾਨੂੰ ਆਪਣੇ ਬਾਹਰ ਕੱਢਣ ਦੇ ਖਰਚਿਆਂ ਦਾ ਭੁਗਤਾਨ ਕਰਨਾ ਪੈ ਸਕਦਾ ਹੈ, ਜੋ ਹਜ਼ਾਰਾਂ ਡਾਲਰ ਹੋ ਸਕਦੇ ਹਨ।

ਇਨਕਾਰ ਕੀਤੀ ਗਈ Protection visa ਅਰਜ਼ੀ ਆਸਟ੍ਰੇਲੀਆ ਤੋਂ ਬਾਹਰ ਹੋਰ ਦੇਸ਼ਾਂ ਲਈ ਭਵਿੱਖ ਦੀਆਂ ਵੀਜ਼ੇ ਅਰਜ਼ੀਆਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ, ਜੋ ਤੁਹਾਡੇ ਵੱਲੋਂ ਅਰਜ਼ੀ ਦੇਣ ਵਾਲੇ ਵੀਜ਼ੇ ਦੀ ਕਿਸਮ 'ਤੇ ਨਿਰਭਰ ਕਰਦੀ ਹੈ।

ਤੁਹਾਡੇ ਹਾਲਾਤਾਂ ਲਈ ਵਧੇਰੇ ਢੁੱਕਵੇਂ ਹੋਰ ਵੀਜ਼ੇ ਹੋ ਸਕਦੇ ਹਨ।
ਸਹੀ ਵੀਜ਼ੇ ਲੱਭਣ ਬਾਰੇ ਵਧੇਰੇ ਜਾਣਕਾਰੀ ਘਰੇਲੂ ਮਾਮਲਿਆਂ ਦੀ ਵੈੱਬਸਾਈਟ 'ਤੇ ਉਪਲਬਧ ਹੈ।

### 6. ਕੀ ਮੈਨੂੰ Protection visa ਵਾਸਤੇ ਅਰਜ਼ੀ ਦੇਣ ਬਾਰੇ ਕਿਸੇ ਮਾਈਗ੍ਰੇਸ਼ਨ ਸਲਾਹਕਾਰ ਨਾਲ ਗੱਲ ਕਰਨੀ ਚਾਹੀਦੀ ਹੈ?

Protection visa ਲਈ ਅਰਜ਼ੀ ਦੇਣ ਬਾਰੇ ਸਲਾਹ ਸਿਰਫ਼ ਰਜਿਸਟਰਡ ਮਾਈਗ੍ਰੇਸ਼ਨ ਏਜੰਟਾਂ ਅਤੇ ਆਸਟ੍ਰੇਲੀਆ ਦੇ ਕਾਨੂੰਨੀ ਪ੍ਰੈਕਟੀਸ਼ਨਰਾਂ ਤੋਂ ਮੰਗੀ ਜਾਣੀ ਚਾਹੀਦੀ ਹੈ। ਤੁਸੀਂ ਕਿਸੇ ਛੋਟ ਪ੍ਰਾਪਤ ਵਿਅਕਤੀ ਤੋਂ ਵੀ ਇਮੀਗ੍ਰੇਸ਼ਨ ਸਹਾਇਤਾ ਲੈ ਸਕਦੇ ਹੋ।

ਇਕ ਛੋਟ ਪ੍ਰਾਪਤ ਵਿਅਕਤੀ ਉਹ ਵਿਅਕਤੀ ਹੁੰਦਾ ਹੈ ਜੋ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਕਾਨੂੰਨੀ ਪ੍ਰੈਕਟੀਸ਼ਨਰ ਨਹੀਂ ਹੈ ਅਤੇ ਹੇਠ ਲਿਖਿਆਂ ਵਿੱਚੋਂ ਇਕ ਹੈ:

- ਤੁਹਾਡਾ ਨਾਮਜ਼ਦ ਕਰਨ ਵਾਲਾ ਜਾਂ ਸਪੌਂਸਰ
- ਤੁਹਾਡਾ ਨਜ਼ਦੀਕੀ ਪਰਿਵਾਰ ਦਾ ਜੀਅ
- ਸੰਸਦ ਮੈਂਬਰ
- ਡਿਪਲੋਮੈਟਿਕ ਮਿਸ਼ਨ ਦਾ ਮੈਂਬਰ
- ਕੌਂਸਲਰ ਪੋਸਟ ਦਾ ਮੈਂਬਰ
- ਕਿਸੇ ਅੰਤਰਰਾਸ਼ਟਰੀ ਸੰਸਥਾ ਦਾ ਮੈਂਬਰ

ਇਕ ਵਿਅਕਤੀ ਜੋ ਇੱਕ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਆਸਟ੍ਰੇਲੀਆ ਦਾ ਕਾਨੂੰਨੀ ਪ੍ਰੈਕਟੀਸ਼ਨਰ ਨਹੀਂ ਹੈ, ਉਸ ਨੂੰ ਤੁਹਾਡੀ ਮਦਦ ਵਾਸਤੇ ਤੁਹਾਡੇ ਕੋਲੋਂ ਕੋਈ ਫੀਸ ਨਹੀਂ ਲੈਣੀ ਚਾਹੀਦੀ। ਛੋਟ ਪ੍ਰਾਪਤ ਵਿਅਕਤੀ ਲਈ ਫੀਸ ਵਸੂਲਣਾ ਗੈਰ-ਕਾਨੂੰਨੀ ਹੈ।

ਇਕ ਵਿਅਕਤੀ ਜੋ ਰਜਿਸਟਰਡ ਮਾਈਗ੍ਰੇਸ਼ਨ ਏਜੰਟ, ਆਸਟ੍ਰੇਲੀਆ ਦਾ ਕਾਨੂੰਨੀ ਪ੍ਰੈਕਟੀਸ਼ਨਰ ਜਾਂ ਛੋਟ ਵਾਲਾ ਵਿਅਕਤੀ ਨਹੀਂ ਹੈ ਉਹ ਤੁਹਾਨੂੰ ਗ਼ਲਤ ਸਲਾਹ ਦੇ ਸਕਦਾ ਹੈ, ਜਿਸ ਨਾਲ ਤੁਹਾਡਾ ਆਸਟ੍ਰੇਲੀਆ ਵਿੱਚ ਰਹਿਣ ਦਾ ਕੋਈ ਵੀ ਮੌਕਾ ਖ਼ਤਰੇ ਵਿੱਚ ਪੈ ਸਕਦਾ ਹੈ।

ਇਹ ਸਮਝੇ ਬਿਨਾਂ ਕਿ ਤੁਸੀਂ ਕਿਸ ਚੀਜ਼ ਲਈ ਅਰਜ਼ੀ ਦੇ ਰਹੇ ਹੋ ਅਤੇ ਅਰਜ਼ੀ ਵਿੱਚ ਕਿਹੜੀ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ, ਤੁਹਾਨੂੰ ਕਿਸੇ ਨੂੰ ਵੀ ਤੁਹਾਡੇ ਲਈ Protection visa ਲਈ ਅਰਜ਼ੀ ਨਹੀਂ ਪਾਉਣ ਦੇਣੀ ਚਾਹੀਦੀ। ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੀ ਅਰਜ਼ੀ ਵਿੱਚ ਸਭ ਕੁਝ ਸਹੀ ਹੈ, ਭਾਵੇਂ ਕੋਈ ਹੋਰ ਇਸ ਨੂੰ ਪੂਰਾ ਕਰਦਾ ਹੈ ਅਤੇ ਤੁਹਾਡੇ ਲਈ ਜਮ੍ਹਾਂ ਕਰਦਾ ਹੈ।

ਜੇ ਤੁਸੀਂ ਪ੍ਰਵਾਸ ਦੀ ਸਲਾਹ ਵਾਸਤੇ ਭੁਗਤਾਨ ਕਰ ਰਹੇ ਹੋ, ਤਾਂ ਯਕੀਨੀ ਬਣਾਓ ਕਿ ਇਹ ਕਿਸੇ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਕਿਸੇ ਆਸਟ੍ਰੇਲੀਆ ਦੇ ਕਾਨੂੰਨੀ ਪ੍ਰੈਕਟੀਸ਼ਨਰ ਦੁਆਰਾ ਪ੍ਰਦਾਨ ਕੀਤੀ ਗਈ ਹੈ। ਤੁਸੀਂ ਮਾਈਗ੍ਰੇਸ਼ਨ ਏਜੰਟਾਂ ਦੀ ਰਜਿਸਟ੍ਰੇਸ਼ਨ ਅਥਾਰਿਟੀ ਦੇ ਦਫ਼ਤਰ ਦੀ ਵੈੱਬਸਾਈਟ ਦੀ ਜਾਂਚ ਕਰਕੇ ਪਤਾ ਲਗਾ ਸਕਦੇ ਹੋ ਕਿ ਕੀ ਕੋਈ ਮਾਈਗ੍ਰੇਸ਼ਨ ਏਜੰਟ ਰਜਿਸਟਰਡ ਹੈ।

### 7. ਮੈਂ ਆਪਣੀ Protection visa ਅਰਜ਼ੀ ਵਿੱਚ ਮਦਦ ਕਰਨ ਲਈ ਨਾਮਵਰ ਮਾਈਗ੍ਰੇਸ਼ਨ ਸਲਾਹਕਾਰ ਕਿਵੇਂ ਲੱਭਾਂ? application?

ਆਸਟ੍ਰੇਲੀਆ ਵਿੱਚ, ਮਾਈਗ੍ਰੇਸ਼ਨ ਏਜੰਟਾਂ ਨੂੰ ਮਾਈਗ੍ਰੇਸ਼ਨ ਏਜੰਟ ਰਜਿਸਟ੍ਰੇਸ਼ਨ ਅਥਾਰਟੀ (OMARA) ਨਾਲ ਰਜਿਸਟਰ ਹੋਣਾ ਲਾਜ਼ਮੀ ਹੈ। ਤੁਸੀਂ ਇਹ ਜਾਂਚ ਕਰਨ ਲਈ ਵੈਬਸਾਈਟ 'ਤੇ ਜਾ ਸਕਦੇ ਹੋ ਕਿ ਕੀ ਕੋਈ ਏਜੰਟ ਰਜਿਸਟਰਡ ਹੈ ਜਾਂ ਕੋਈ ਹੋਰ ਵਿਕਲਪ ਲੱਭੋ।

ਗੈਰ-ਕਾਨੂੰਨੀ ਔਪਰੇਟਰ ਅਕਸਰ ਸੋਸ਼ਲ ਮੀਡੀਆ ਅਤੇ ਔਨਲਾਈਨ ਚੈਟ ਗਰੁੱਪਾਂ ਵਿੱਚ ਆਪਣੀਆਂ ਸੇਵਾਵਾਂ ਦਾ ਇਸ਼ਤਿਹਾਰ ਦਿੰਦੇ ਹਨ। ਉਹ ਕਈ ਵਾਰ ਬਿਨੈਕਾਰਾਂ ਨੂੰ Protection visa ਲਈ ਅਰਜ਼ੀ ਦਿੰਦੇ ਸਮੇਂ ਗੁੰਮਰਾਹਕੁੰਨ ਜਾਣਕਾਰੀ ਦੇਣ ਲਈ ਕਹਿੰਦੇ ਹਨ, ਅਤੇ ਕੁਝ ਇਸ ਗ਼ਲਤ ਸਲਾਹ ਲਈ ਬਹੁਤ ਸਾਰਾ ਪੈਸਾ ਲੈਂਦੇ ਹਨ।

ਜੇ ਕੋਈ ਤੁਹਾਨੂੰ ਗੈਰ-ਕਾਨੂੰਨੀ ਇਮੀਗ੍ਰੇਸ਼ਨ ਸਲਾਹ ਦੇਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਤੁਸੀਂ Border Watch Online Report (ਬਾਰਡਰ ਵਾਚ ਆਨਲਾਈਨ ਰਿਪੋਰਟ) ਦੀ ਵਰਤੋਂ ਕਰਕੇ ਸਾਨੂੰ ਦੱਸ ਸਕਦੇ ਹੋ। ਤੁਹਾਨੂੰ ਆਪਣਾ ਨਾਮ ਦੱਸਣ ਦੀ ਲੋੜ ਨਹੀਂ ਹੈ।

ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤਿਆਂ ਤੋਂ ਮੁਫ਼ਤ ਕਾਨੂੰਨੀ ਸਲਾਹ ਵੀ ਉਪਲਬਧ ਹੈ।



### 8. ਜੇ ਮੈਂ Protection visa ਲਈ ਅਰਜ਼ੀ ਦਿੰਦਾ ਹਾਂ ਤਾਂ ਕੀ ਮੈਂ ਅਜੇ ਵੀ ਆਪਣੇ ਦੇਸ਼ ਫੇਰੀ ਪਾ ਸਕਦਾ ਹਾਂ?

ਜਦੋਂ ਤੁਸੀਂ Protection visa ਵਾਸਤੇ ਅਰਜ਼ੀ ਦਿੰਦੇ ਹੋ, ਤਾਂ ਤੁਹਾਡੀ ਅਰਜ਼ੀ ਰੱਦ ਕੀਤੀ ਜਾ ਸਕਦੀ ਹੈ ਜੇ ਤੁਸੀਂ ਉਸ ਦੇਸ਼ ਦੀ ਯਾਤਰਾ ਕਰਦੇ ਹੋ ਜਿਸ ਕਰਕੇ ਤੁਸੀਂ ਆਸਟ੍ਰੇਲੀਆ ਕੋਲੋਂ ਸੁਰੱਖਿਆ ਦੀ ਮੰਗ ਕਰ ਰਹੇ ਹੋ, ਭਾਵੇਂ ਤੁਹਾਡਾ ਪਰਿਵਾਰ ਉੱਥੇ ਰਹਿੰਦਾ ਹੋਵੇ।

ਜੇ ਤੁਹਾਨੂੰ Protection visa ਦਿੱਤਾ ਜਾਂਦਾ ਹੈ, ਤਾਂ ਤੁਸੀਂ ਆਸਟ੍ਰੇਲੀਆ ਦੀ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਉਸ ਦੇਸ਼ ਦੀ ਯਾਤਰਾ ਨਹੀਂ ਕਰ ਸਕਦੇ ਜਿਸ ਕਰਕੇ ਤੁਸੀਂ ਪਨਾਹ ਮੰਗੀ ਹੈ, ਭਾਵੇਂ ਕਿ ਤੁਹਾਡਾ ਪਰਿਵਾਰ ਉੱਥੇ ਰਹਿੰਦਾ ਹੈ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

### 9. ਜੇ ਮੈਂ Protection visa ਅਰਜ਼ੀ ਵਿੱਚ ਝੂਠੀ ਜਾਣਕਾਰੀ ਜਮ੍ਹਾਂ ਕਰਦਾ ਹਾਂ ਤਾਂ ਕੀ ਹੁੰਦਾ ਹੈ?

Protection visa ਦੇ ਬਿਨੈਕਾਰਾਂ ਲਈ ਗੰਭੀਰ ਨਤੀਜੇ ਹਨ ਜੋ ਝੂਠੇ ਦਸਤਾਵੇਜ਼ ਪ੍ਰਦਾਨ ਕਰਦੇ ਹਨ ਜਾਂ ਆਪਣੀ ਅਰਜ਼ੀ ਵਿੱਚ ਗੁੰਮਰਾਹਕੁੰਨ ਜਾਣਕਾਰੀ ਦਿੰਦੇ ਹਨ, ਜਿਸ ਵਿੱਚ ਵੱਡਾ ਜੁਰਮਾਨਾ, 10 ਸਾਲ ਤੱਕ ਦੀ ਸੰਭਾਵਿਤ ਜੇਲ੍ਹ, ਜਾਂ ਦੋਵੇਂ ਸ਼ਾਮਲ ਹਨ।

ਜੁਰਮਾਨੇ ਅਤੇ ਜੇਲ੍ਹ ਦੇ ਸਮੇਂ ਦੇ ਖ਼ਤਰੇ ਦੇ ਨਾਲ-ਨਾਲ, ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਕਦੇ ਵੀ ਆਸਟ੍ਰੇਲੀਆ ਵਾਪਸ ਆਉਣਾ ਮੁਸ਼ਕਿਲ ਹੋ ਸਕਦਾ ਹੈ, ਇੱਥੋਂ ਤੱਕ ਕਿ ਕਿਸੇ ਵਿਜ਼ਟਰ, ਵਿਦਿਆਰਥੀ ਜਾਂ ਅਸਥਾਈ ਵਰਕ ਵੀਜ਼ੇ ਜਿਵੇਂ ਕਿ ਪਾਮ ਸਕੀਮ (PALM scheme) ਵੀਜ਼ੇ 'ਤੇ ਵੀ।

ਤੁਹਾਨੂੰ ਵੀਜ਼ੇ ਦਿੱਤੇ ਜਾਣ ਤੋਂ ਬਾਅਦ ਜੇ ਇਹ ਪਤਾ ਲੱਗਦਾ ਹੈ ਕਿ ਤੁਸੀਂ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਦਿੱਤੀ ਹੈ, ਤਾਂ ਤੁਹਾਡਾ □rotec-tion visa ਰੱਦ ਕੀਤਾ ਜਾ ਸਕਦਾ ਹੈ। ਧਿਆਨ ਰੱਖੋ ਕਿ ਇਨਕਾਰ ਕੀਤੀ ਗਈ Protection visa ਅਰਜ਼ੀ ਜਾਂ ਰੱਦ ਕੀਤਾ Protection visa ਆਸਟ੍ਰੇਲੀਆ ਤੋਂ ਬਾਹਰ ਹੋਰ ਦੇਸ਼ਾਂ ਲਈ ਭਵਿੱਖ ਵਿੱਚ ਵੀਜ਼ੇ ਦੀਆਂ ਅਰਜ਼ੀਆਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ, ਜੋ ਤੁਹਾਡੇ ਵੱਲੋਂ ਅਰਜ਼ੀ ਦੇਣ ਵਾਲੇ ਵੀਜ਼ੇ ਦੀ ਕਿਸਮ 'ਤੇ ਨਿਰਭਰ ਕਰਦਾ ਹੈ।

ਜੇ Protection visa ਵਾਸਤੇ ਅਰਜ਼ੀ ਦੇਣ ਵਾਲਾ ਕੋਈ ਵਿਅਕਤੀ ਤੁਹਾਨੂੰ ਉਹਨਾਂ ਵਾਸਤੇ ਸਹਾਇਤਾ ਚਿੱਠੀ ਲਿਖਣ ਲਈ ਕਹਿੰਦਾ ਹੈ, ਤਾਂ ਤੁਹਾਨੂੰ ਅਜਿਹਾ ਕੇਵਲ ਤਾਂ ਹੀ ਕਰਨਾ ਚਾਹੀਦਾ ਹੈ ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਇਕ ਅਸਲ ਪਨਾਹ ਮੰਗਣ ਵਾਲੇ ਹਨ ਜੋ ਬਹੁਤ ਜਿਆਦਾ ਨੁਕਸਾਨ ਝੱਲਣ ਦੇ ਅਸਲ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ ਜਾਂ ਜੇ ਉਹ ਆਪਣੇ ਦੇਸ਼ ਵਾਪਸ ਮੁੜਦੇ ਹਨ ਤਾਂ ਉਨ੍ਹਾਂ ਉਪਰ ਤਸ਼ੱਦਦ ਦੀ ਅਸਲ ਸੰਭਾਵਨਾ ਹੈ। ਉਨ੍ਹਾਂ ਨੂੰ ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਕਿਸੇ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤੇ ਤੋਂ ਮੁਫ਼ਤ ਕਾਨੂੰਨੀ ਸਲਾਹ ਤੱਕ ਪਹੁੰਚ ਕਰਨ ਲਈ ਉਤਸ਼ਾਹਿਤ ਕਰੋ।

### 10. ਕੀ ਇਹ ਸੱਚ ਹੈ ਕਿ Protection visa ਆਸਟ੍ਰੇਲੀਆ ਵਿੱਚ ਰਹਿਣ ਅਤੇ ਕੰਮ ਕਰਨ ਦਾ ਇਕ ਤਰੀਕਾ ਪ੍ਰਦਾਨ ਕਰਦਾ ਹੈ?

Protection visa ਲਈ ਸਿਰਫ ਕਿਸੇ ਅਜਿਹੇ ਵਿਅਕਤੀ ਦੁਆਰਾ ਹੀ ਅਰਜ਼ੀ ਦਿੱਤੀ ਜਾਣੀ ਚਾਹੀਦੀ ਹੈ ਜਿਸ ਨੂੰ ਮਹੱਤਵਪੂਰਣ ਨੁਕਸਾਨ ਜਾਂ ਤਸ਼ੱਦਦ ਦੀ ਅਸਲ ਸੰਭਾਵਨਾ ਦਾ ਸਾਹਮਣਾ ਕਰਨਾ ਪੈਂਦਾ ਹੈ ਜੇ ਉਹ ਆਪਣੇ ਦੇਸ਼ ਵਾਪਸ ਮੁੜਦੇ ਹਨ। Protection visa ਉਨ੍ਹਾਂ ਲੋਕਾਂ ਲਈ ਨਹੀਂ ਹੈ ਜੋ ਕੰਮ ਕਰਨ ਲਈ ਆਸਟ੍ਰੇਲੀਆ ਵਿੱਚ ਲੰਬੇ ਸਮੇਂ ਤੱਕ ਰਹਿਣਾ ਚਾਹੁੰਦੇ ਹਨ।

ਕੁਝ ਕਾਰੋਬਾਰ ਅਸਥਾਈ ਵੀਜ਼ਾ ਧਾਰਕਾਂ ਨੂੰ ਝੂਠੀ ਜਾਣਕਾਰੀ ਦੀ ਵਰਤੋਂ ਕਰਕੇ Protection visa ਲਈ ਅਰਜ਼ੀ ਦੇਣ ਲਈ ਕਹਿ ਕੇ ਆਸਟ੍ਰੇਲੀਆ ਵਿੱਚ ਰੁਜ਼ਗਾਰ ਦੇ ਮੌਕਿਆਂ ਦੀ ਪੇਸ਼ਕਸ਼ ਕਰ ਸਕਦੇ ਹਨ, ਜਿਸ ਨਾਲ ਬਿਨੈਕਾਰ ਨੂੰ ਉਨ੍ਹਾਂ ਦੇ ਵੀਜ਼ੇ ਤੋਂ ਇਨਕਾਰ ਕੀਤੇ ਜਾਣ ਅਤੇ ਉਨ੍ਹਾਂ ਨੂੰ ਵੱਡੇ ਜੁਰਮਾਨੇ, 10 ਸਾਲ ਤੱਕ ਦੀ ਸੰਭਾਵਿਤ ਜੇਲ੍ਹ, ਜਾਂ ਦੋਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਭਵਿੱਖ ਵਿੱਚ ਉਨ੍ਹਾਂ ਨੂੰ ਹੋਰ ਵੀਜ਼ੇ ਦੇਣ ਤੋਂ ਵੀ ਇਨਕਾਰ ਕੀਤਾ ਜਾ ਸਕਦਾ ਹੈ।

ਵਿਦਿਆਰਥੀਆਂ ਨੂੰ ਇਹ ਵੀ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਝੂਠੀ ਜਾਣਕਾਰੀ ਦੇ ਨਾਲ Protection visa ਲਈ ਅਰਜ਼ੀ ਦੇ ਕੇ ਆਸਟ੍ਰੇਲੀਆ ਵਿੱਚ ਆਪਣਾ ਠਹਿਰਨਾ ਜਾਰੀ ਰੱਖਣ। ਝੂਠੀ ਜਾਣਕਾਰੀ ਪ੍ਰਦਾਨ ਕਰਨ ਨਾਲ ਬਿਨੈਕਾਰ ਨੂੰ ਉਨ੍ਹਾਂ ਦਾ ਵੀਜ਼ਾ ਰੱਦ ਹੋਣ ਦਾ ਖ਼ਤਰਾ ਹੁੰਦਾ ਹੈ ਅਤੇ ਉਨ੍ਹਾਂ ਨੂੰ ਵੱਡੇ ਜੁਰਮਾਨੇ, 10 ਸਾਲ ਤੱਕ ਦੀ ਸੰਭਾਵਿਤ ਜੇਲ੍ਹ, ਜਾਂ ਦੋਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸਫ਼ਲ ਅਰਜ਼ੀਆਂ ਨਾਲੋਂ ਕਾਫ਼ੀ ਵੱਡੀ ਗਿਣਤੀ ਵਿੱਚ ਅਸਫ਼ਲ Protection visa ਦੀਆਂ ਅਰਜ਼ੀਆਂ ਹਨ। ਔਸਤਨ, ਸਾਰੀਆਂ ਅਰਜ਼ੀਆਂ ਵਿੱਚੋਂ 85% ਤੋਂ ਵੱਧ ਨੂੰ ਰੱਦ ਕਰ ਦਿੱਤਾ ਜਾਂਦਾ ਹੈ ਕਿਉਂਕਿ ਉਹ ਵੀਜ਼ੇ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦੀਆਂ ਹਨ। ਕੁਝ ਦੇਸ਼ਾ ਦੇ ਲੋਕਾਂ ਦੀਆਂ ਅਰਜ਼ੀਆਂ ਦੇ ਨਾਕਾਮਯਾਬ ਹੋਣ ਦੀ ਦਰ 100% ਦੇ ਨੇੜੇ ਹੈ।

ਜੇ ਤੁਸੀਂ Protection visa ਵਾਸਤੇ ਅਰਜ਼ੀ ਦੇਣ ਬਾਰੇ ਵਿਚਾਰ ਕਰ ਰਹੇ ਹੋ, ਤਾਂ ਤੁਹਾਨੂੰ ਇਹ ਪਤਾ ਕਰਨ ਲਈ ਕਿ ਕੀ ਤੁਸੀਂ ਯੋਗ ਹੋ, ਇਕ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਨੂੰਨੀ ਪ੍ਰਦਾਤਿਆਂ ਤੋਂ ਮੁਫ਼ਤ ਕਾਨੂੰਨੀ ਸਲਾਹ ਲੈਣ ਲਈ ਬਹੁਤ ਜ਼ੋਰ ਦੇ ਕੇ ਉਤਸ਼ਾਹਿਤ ਕੀਤਾ ਜਾਂਦਾ ਹੈ। ਤੁਹਾਡੇ ਹਾਲਾਤਾਂ ਲਈ ਹੋਰ ਵਧੇਰੇ ਢੁੱਕਵੇਂ ਵੀਜ਼ੇ ਹੋ ਸਕਦੇ ਹਨ।

### 11. ਕੀ ਕੋਈ ਅਜਿਹਾ ਵਿਅਕਤੀ ਹੈ ਜਿਸ ਨਾਲ ਮੈਂ ਮੁਫ਼ਤ ਸਲਾਹ ਲਈ ਗੱਲ ਕਰ ਸਕਦਾ ਹਾਂ?

ਆਸਟ੍ਰੇਲੀਆ ਦੀ ਸਰਕਾਰ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤਿਆਂ ਤੋਂ ਮੁਫ਼ਤ ਕਾਨੂੰਨੀ ਸਲਾਹ ਪ੍ਰਦਾਨ ਕਰਵਾ ਰਹੀ ਹੈ ਤਾਂ ਜੋ ਲੋਕਾਂ ਨੂੰ ਇਹ ਸਮਝਣ ਵਿੱਚ ਮਦਦ ਕੀਤੀ ਜਾ ਸਕੇ ਕਿ ਕੀ ਉਹ Protection visa ਲਈ ਯੋਗ ਹੋ ਸਕਦੇ ਹਨ।

**ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਤੁਸੀਂ ਘਰੇਲੂ ਮਾਮਲਿਆਂ ਦੀ ਵੈੱਬਸਾਈਟ 'ਤੇ ਵੀ ਜਾ ਸਕਦੇ ਹੋ।**